ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ ਚੰਡੀਗੜ੍ਹ।
(ਕੋਆਰਡੀਨੇਸਨ ਸਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ

ਮੀਮੋ ਨੰ: 15/42-2014 ਕੋ.ਸੈਲ (1)/496
ਮਿਤੀ: 26-11-2015

ਵਿਸਾ:- **Submission of representations and advance copies, thereof by Government servants in respect of matters connected with their conditions of sevice.**

ਹਵਾਲਾ:- ਸਿੱਖਿਆ ਵਿਭਾਗ (ਸਿ-6 ਸਾਖਾ) ਦਾ ਪੱਤਰ ਨੰ: 11/97/2015-5ਸਿ6/623214/2 ਮਿਤੀ: 06-11-2015 ਅਤੇ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀਜ-1 ਸਾਖਾ) ਦਾ ਪੱਤਰ ਨੰ: 17/99/2015-3 ਪੀ.ਪੀ1/348 ਮਿਤੀ: 28-10-2015.

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਸਭ ਨੂੰ ਸੂਚਨਾ ਅਤੇ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ: 26-11-2015

ਉਤਾਰਾ ਡੀ.ਪੀ.ਆਈ (ਸੈਸਿ) ਦੇ ਸਮੂਹ ਅਧਿਕਾਰੀਆਂ/ਸਾਖਾ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹਦਾਇਤ ਆਪਣੇ ਅਧੀਨ ਦਫਤਰੀ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀ ਜਾਵੇ।

ਇੰਚਾਰਜ ਕੋਆਰਡੀਨੇਸਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ),ਪੰਜਾਬ

ਨੰ: 17/99/2015-3ਪੀ.ਪੀ.1/348

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
ਕਮਿਸ਼ਨਰਜ਼ ਆਫ ਡਵੀਜ਼ਨਜ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 28/10/2015

ਵਿਸ਼ਾ:- Submission of representations and advance copies, thereof by Government servants in respect of matters connected with their conditions of sevice.

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 6936-SII(33)-73, ਮਿਤੀ 22 ਅਕਤੂਬਰ, 1973 ਦੀ ਕਲਾਜ਼ (g) ਵਿੱਚ ਦਰਜ ਹੇਠ ਅਨੁਸਾਰ ਉਪਬੰਧ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਅਨੁਸਾਰ, ਜੇਕਰ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੇ ਸੇਵਾ ਮਾਮਲਿਆਂ ਨੂੰ ਨਜਿੱਠਣ ਲਈ ਆਪਣੀਆਂ ਪ੍ਰਤੀਬੇਨਤੀਆਂ ਉਚਿਤ ਅਥਾਰਟੀ ਦੀ ਬਜਾਏ ਬਾਹਰਲੀਆਂ ਅਥਾਰਟੀਆਂ ਭਾਵ ਉਹ ਅਥਾਰਟੀਆਂ ਜਿਨ੍ਹਾਂ ਦਾ ਉਨ੍ਹਾਂ ਦੀ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਨਾਲ ਸਿੱਧੇ ਤੌਰ ਤੇ ਕੋਈ ਸਬੰਧ ਨਹੀਂ ਹੁੰਦਾ (ਜਿਵੇਂ ਕਿ ਮਾਨਯੋਗ ਰਾਜਪਾਲ ਜੀ, ਮੁੱਖ ਮੰਤਰੀ ਜੀ ਜਾਂ ਹੋਰ ਦੂਸਰੇ ਮੰਤਰੀਆਂ/ਵਿਧਾਇਕਾਂ ਆਦਿ) ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਤਾਂ ਉਨਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਦਫ਼ਤਰੀ ਸਿਸ਼ਟਾਚਾਰ ਦੀ ਉਲੰਘਣਾ ਮੰਨਦੇ ਹੋਏ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਵਿਭਾਗੀ ਕਾਰਵਾਈ ਦਾ ਭਾਗੀਦਾਰ ਮੰਨਿਆ ਗਿਆ ਹੈ :-

"(g) Government employees should not send copies of their representations to outside authorities, i.e. authorities which are not directly concerned witht the consideration, thereof (e.g., Governor, another Minister, Secretary, M.L.A. or any other political or administrative quarter etc.) as it is most objectionable practice, contrary to official propriety and subversive of good discipline. Government employees who do not observe these instructions would be liable to disciplinary action interms of Punjab Government circular letter No. 7398-SII(3)-72, dated 15th December, 1971."

2. ਇਹ ਵੇਖਣ ਵਿੱਚ ਆਇਆ ਹੈ ਕਿ ਉਕਤ ਹਦਾਇਤਾਂ ਦੇ ਬਾਵਜੂਦ ਕਈ ਸਰਕਾਰੀ ਅਧਿਕਾਰੀਆਂ/ਕਰਮਰਚਾਰੀਆਂ ਵੱਲੋਂ ਆਪਣੇ ਸੇਵਾ ਮਾਮਲੇ ਨਜਿੱਠਣ ਸਬੰਧੀ ਆਪਣੀ ਉਚਿਤ

ਅਥਾਰਟੀ ਦੀ ਬਜਾਏ ਸਿੱਧੇ ਤੌਰ ਤੇ ਹੀ ਮਾਨਯੋਗ ਪ੍ਰਧਾਨ ਮੰਤਰੀ, ਮਾਨਯੋਗ ਰਾਜਪਾਲ, ਮਾਨਯੋਗ ਮੁੱਖ ਮੰਤਰੀ ਜਾਂ ਹੋਰ ਦੂਸਰੇ ਮੰਤਰੀਆਂ/ਵਿਧਾਇਕਾਂ ਨੂੰ ਪ੍ਰਤੀਬੇਨਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਕਿ ਉਕਤ ਹਦਾਇਤਾਂ ਦੀ ਘੋਰ ਉਲੰਘਣਾ ਹੈ।

3. ਇਸ ਲਈ ਉਕਤ ਹਦਾਇਤਾਂ ਮੁੜ ਦੁਹਰਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ ਅਤੇ ਇਹ ਹਦਾਇਤਾਂ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਸਖ਼ਤ ਪਾਲਣਾ ਹਿਤ ਲਿਆ ਦਿੱਤੀਆਂ ਜਾਣ।

4. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 17/99/2015-3ਪੀ.ਪੀ.1/ 349

ਮਿਤੀ, ਚੰਡੀਗੜ੍ਹ: 28/10/2015